# ਨਸਲੀ ਬਰਾਬਰਤਾ ਦੇ ਪ੍ਰਚਾਰ 'ਤੇ
# ਮੌਜੂਦਾ ਅਤੇ ਯੋਜਨਾਬੱਧ ਉਪਾਅ

## ਲੈਂਡ ਰਜਿਸਟਰੀ (ਭੂਮੀ ਰਜਿਸਟਰੀ)

ਲੈਂਡ ਰਜਿਸਟਰੀ ਹਾਂਗ ਕਾਂਗ ਵਿੱਚ ਜ਼ਮੀਨ ਨੂੰ ਪ੍ਰਭਾਵਤ ਕਰਨ ਵਾਲੇ ਲਿਖਤਾਂ ਦੀ ਰਜਿਸਟਰੀ ਕਰਨ ਅਤੇ ਲੈਂਡ ਰਜਿਸਟ੍ਰੇਸ਼ਨ ਆਰਡੀਨੈਂਸ (ਕੈਪ. 128) (LRO) ਅਤੇ ਲੈਂਡ ਰਜਿਸਟ੍ਰੇਸ਼ਨ ਰੈਗੂਲੇਸ਼ਨ (ਕੈਪ. 128A) (LRR) ਦੇ ਤਹਿਤ ਜਨਤਕ ਖੋਜ ਲਈ ਜ਼ਮੀਨ ਦੇ ਰਿਕਾਰਡ ਦੀ ਵਿਵਸਥਾ ਕਰਨ ਲਈ ਇਕ ਜਨਤਕ ਦਫਤਰ ਹੈ। ਅਸੀਂ ਮਾਲਕਾਂ ਦੀਆਂ ਕਾਰਪੋਰੇਸ਼ਨਾਂ (OCs) ਦੀ ਰਜਿਸਟਰੀ ਕਰਨ, OCs ਦੁਆਰਾ ਜਮ੍ਹਾਂ ਕਰਾਉਣ ਲਈ ਲੋੜੀਂਦੇ ਦਸਤਾਵੇਜ਼ ਦਾਇਰ ਕਰਨ ਅਤੇ ਬਿਲਡਿੰਗ ਮੈਨੇਜਮੈਂਟ ਆਰਡੀਨੈਂਸ (ਕੈਪ. 344) (BMO) ਦੇ ਤਹਿਤ OC ਰਿਕਾਰਡਾਂ ਦੀਆਂ ਖੋਜ ਸੇਵਾਵਾਂ ਦੀ ਵਿਵਸਥਾ ਕਰਨ ਲਈ ਵੀ ਜ਼ਿੰਮੇਵਾਰ ਹਾਂ। ਅਸੀਂ ਜਨਤਾ ਦੇ ਸਾਰੇ ਮੈਂਬਰਾਂ ਦੁਆਰਾ, ਉਨ੍ਹਾਂ ਦੇ ਨਸਲੀ ਅਤੇ ਜਾਤੀਗਤ ਪਿਛੋਕੜ ਦੀ ਪਰਵਾਹ ਕੀਤੇ ਬਿਨਾਂ, ਸਬੰਧਤ ਸੇਵਾਵਾਂ ਦੀ ਬਰਾਬਰ ਪਹੁੰਚ ਨੂੰ ਯਕੀਨੀ ਬਣਾਉਣ ਨੂੰ ਬਹੁਤ ਮਹੱਤ ਦਿੰਦੇ ਹਾਂ।

ਸਬੰਧਤ ਸੇਵਾਵਾਂ

- ਲੈਂਡ ਰਜਿਸਟਰੀ ਅਜਿਹੇ ਲਿਖਤ ਰਜਿਸਟਰ ਕਰੇਗੀ ਜੋ LRO ਅਤੇ LRR ਦੀ ਪਾਲਣਾ ਕਰਦੇ ਹਨ। ਜਨਤਾ ਇੰਟੀਗ੍ਰੇਟਿਡ ਰਜਿਸਟ੍ਰੇਸ਼ਨ ਇਨਫਰਮੇਸ਼ਨ ਸਿਸਟਮ (IRIS) ਔਨਲਾਈਨ ਸੇਵਾਵਾਂ (www.iris.gov.hk) ਰਾਹੀਂ ਜਾਂ ਸਾਡੇ ਗਾਹਕ ਕੇਂਦਰ ਜਾਂ ਸਾਡੇ ਕਿਸੇ ਵੀ ਨਿਊ ਟੈਰੀਟਰੀਜ਼ ਦੇ ਖੋਜ ਦਫ਼ਤਰਾਂ (ਸਮੂਹਿਕ ਤੌਰ 'ਤੇ "ਲੈਂਡ ਰਜਿਸਟਰੀ ਦਫ਼ਤਰ") (www.landreg.gov.hk/en/contact/contact_2.htm) ਰਾਹੀਂ ਜ਼ਮੀਨੀ ਰਜਿਸਟਰਾਂ ਦੀ ਖੋਜ ਕਰ ਸਕਦੀ ਹੈ ਅਤੇ ਜ਼ਮੀਨੀ ਰਿਕਾਰਡਾਂ ਦੀਆਂ ਕਾਪੀਆਂ ਲਈ ਆਰਡਰ ਦੇ ਸਕਦੀ ਹੈ।

- BMO ਦੇ ਅਧੀਨ ਨਿਯੁਕਤ ਪ੍ਰਬੰਧਨ ਕਮੇਟੀਆਂ OCs ਦੇ ਰਜਿਸਟ੍ਰੇਸ਼ਨ ਲਈ ਲੈਂਡ ਰਜਿਸਟਰਾਰ ਨੂੰ ਦਰਖਾਸਤ ਦੇ ਸਕਦੀਆਂ ਹਨ। OCs ਦੀ

ਪ੍ਰਬੰਧਕ ਕਮੇਟੀਆਂ ਦੇ ਸੱਕਤਰ BMO ਅਧੀਨ ਲੈਂਡ ਰਜਿਸਟਰਾਰ ਕੋਲ ਜਮ੍ਹਾਂ ਕਰਾਉਣ ਲਈ ਲੋੜੀਂਦੇ ਕੋਈ ਵੀ ਦਸਤਾਵੇਜ਼ ਦਾਇਰ ਕਰਨਗੇ। ਜਨਤਾ ਦੇ ਮੈਂਬਰ ਸਬੰਧਤ ਲੈਂਡ ਰਜਿਸਟਰੀ ਦੇ ਦਫਤਰਾਂ ਵਿੱਚ OC ਰਿਕਾਰਡਾਂ ਦੀ ਖੋਜ ਕਰ ਸਕਦੇ ਹਨ।

ਮੌਜੂਦਾ ਉਪਾਅ

- ਲੈਂਡ ਰਜਿਸਟਰੀ ਸੇਵਾਵਾਂ ਦੇ ਪ੍ਰਬੰਧ ਲਈ ਚੀਨੀ ਅਤੇ/ਜਾਂ ਅੰਗਰੇਜ਼ੀ ਵਿੱਚ ਲੋਕਾਂ ਨਾਲ ਸੰਚਾਰ ਕਰਦੀ ਹੈ। ਜਨਤਾ ਲਈ ਛਾਪੀ ਗਈ ਸਾਰੀ ਜਾਣਕਾਰੀ (ਜਾਣਕਾਰੀ ਦੇ ਪਰਚੇ, ਅਰਜ਼ੀ ਫਾਰਮ ਆਦਿ ਸਮੇਤ) ਅਤੇ ਵਿਭਾਗੀ ਅਤੇ IRIS ਆਨਲਾਈਨ ਸੇਵਾਵਾਂ ਦੀਆਂ ਵੈਬਸਾਈਟਾਂ ਤੇ ਜਾਣਕਾਰੀ ਚੀਨੀ ਅਤੇ ਅੰਗਰੇਜ਼ੀ ਦੋਵਾਂ ਵਿੱਚ ਹੈ।

- ਲੋੜ ਹੋਣ ਤੇ, ਅਨੁਵਾਦ ਸੇਵਾ ਦਾ ਪ੍ਰਬੰਧ ਸੈਂਟਰ ਫਾਰ ਹਾਰਮੋਨੀ ਐਂਡ ਏਨਹਾਂਸਮੇਂਟ ਆਫ ਏਥਨਿਕ ਮਾਈਨਰਿਟੀ ਰੇਜ਼ਿਡੈਂਟ੍ਸ (CHEER) ਦੇ ਰਾਹੀਂ ਕੀਤਾ ਜਾਵੇਗਾ। CHEER ਅੱਠ ਭਾਸ਼ਾਵਾਂ ਵਿੱਚ ਅਨੁਵਾਦ ਸੇਵਾਵਾਂ ਪ੍ਰਦਾਨ ਕਰਦਾ ਹੈ, ਜੋ ਹਨ: ਬਹਾਸ਼ਾ ਇੰਡੋਨੇਸ਼ੀਆ, ਹਿੰਦੀ, ਨੇਪਾਲੀ, ਪੰਜਾਬੀ, ਉਰਦੂ, ਤਾਗਾਲੋਗ, ਥਾਈ ਅਤੇ ਵੀਅਤਨਾਮੀ।

ਭਵਿੱਖ ਦੇ ਕੰਮ ਦਾ ਮੁਲਾਂਕਣ

- ਲਗਾਤਾਰ ਸੁਧਾਰ ਲਈ ਉਪਾਵਾਂ ਦੀ ਸਮੇਂ ਸਮੇਂ ਤੇ ਸਮੀਖਿਆ ਕੀਤੀ ਜਾਂਦੀ ਹੈ। ਉਪਭੋਗਤਾਵਾਂ ਦੀ ਫੀਡਬੈਕ/ਸੁਝਾਅ, ਜੇ ਕੋਈ ਹਨ, ਤਾਂ ਦਰਜ ਕੀਤੇ ਜਾਂਦੇ ਹਨ ਅਤੇ ਇਹ ਵੇਖਣ ਲਈ ਸਮੀਖਿਆ ਕੀਤੇ ਜਾਂਦੇ ਹਨ ਕਿ ਕੀ ਜਿੱਥੇ ਜ਼ਰੂਰੀ ਅਤੇ ਉਚਿਤ ਹੋਵੇ ਉੱਥੇ ਹੋਰ ਸੁਧਾਰ ਕੀਤੇ ਜਾ ਸਕਦੇ ਹਨ।

ਕੀਤੇ ਗਏ/ਕੀਤੇ ਜਾਣ ਵਾਲੇ ਵਾਧ ਉਪਾਅ

- ਅਸੀਂ ਨਸਲੀ ਅਤੇ ਜਾਤੀਗਤ ਸਮਾਨਤਾ ਬਾਰੇ ਉਨ੍ਹਾਂ ਦੀ ਜਾਗਰੂਕਤਾ ਅਤੇ ਸਮਝ ਵਧਾਉਣ ਲਈ, ਜਿਵੇਂ ਢੁਕਵਾਂ ਹੋਵੇ, ਸਬੰਧਤ ਸੰਸਥਾਵਾਂ ਜਿਵੇਂ ਕਿ ਇਕੁਅਲ ਓਪਰਚੁਨਿਟੀ ਕਮਿਸ਼ਨ, ਦ ਕੰਸਟੀਟਿਊਸ਼ਨਲ ਐਂਡ ਮੇਨਲੈਂਡ ਅਫੇਯਰਸ ਬਿਊਰੋ, ਦਿ ਸਿਵਲ ਸਰਵਿਸ ਕਾਲਜ, ਆਦਿ ਦੁਆਰਾ ਪ੍ਰਦਾਨ ਕੀਤੇ ਜਾਣ ਵਾਲੇ ਢੁਕਵੇਂ ਸਿਖਲਾਈ ਕੋਰਸਾਂ ਵਿੱਚ ਸ਼ਾਮਲ ਹੋਣ ਲਈ ਆਪਣੇ ਸਟਾਫ ਲਈ ਪ੍ਰਬੰਧ ਕਰਦੇ ਰਹਾਂਗੇ।

ਨਸਲੀ ਬਰਾਬਰਤਾ ਦੇ ਪ੍ਰਚਾਰ ਤੇ ਉਪਰੋਕਤ ਉਪਾਵਾਂ ਬਾਰੇ ਪੁੱਛਗਿੱਛ ਲਈ, ਕਿਰਪਾ ਕਰਕੇ ਹੇਠਾਂ ਦਿੱਤੇ ਮਾਧਿਅਮਾਂ ਰਾਹੀਂ ਸਾਡੇ ਗਾਹਕ ਸੇਵਾ ਪ੍ਰਬੰਧਕ (ਕਸਟਮਰ ਸਰਵਿਸ ਮੈਨੇਜਰ) Ms Ella TSOI (ਮਿਸ ਏਲਾ ਛੋਈ) ਨਾਲ ਸੰਪਰਕ ਕਰੋ -

| | | |
|---|---|---|
| ਟੈਲੀਫੋਨ ਨੰ. | : | 3105 0000 |
| ਫੈਕਸ ਨੰ. | : | 2596 0281 |
| ਈਮੇਲ | : | csa@landreg.gov.hk |
| ਡਾਕ ਲਈ ਪਤਾ | : | The Land Registry<br>28th Floor, Queensway Government Offices<br>66 Queensway<br>Hong Kong |

**ਲੈਂਡ ਰਜਿਸਟਰੀ (ਭੂਮੀ ਰਜਿਸਟਰੀ)**

**ਮਈ 2023**